The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News
ਆਨਲਾਈਨ ਈ-ਪੇਪਰ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

0800 CLEANUS
RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning
3 Bedroom $95
5 Bedroom $135
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
ਘਰਾਂ ਜਾਂ ਆਫਿਸ ਵਿਚ ਕਾਰਪੇਟ ਕਲੀਨਿੰਗ ਜਾਂ ਵਿੰਡੋਜ਼ ਕਲੀਨਿੰਗ ਲਈ ਅੱਜ ਹੀ ਸੰਪਰਕ ਕਰੋ
Contact : Raj 021 8740 730, 0800 253 2687
www.redcleaning.co.nz

04 January 2019 Daily, editornztasveer@gmail.com designnztasveer@gmail.com Ph/Fax: 09 390 4644 FREE

2018 'ਚ ਇਨ੍ਹਾਂ 10 ਵਾਇਰਲ ਖ਼ਬਰਾਂ ਨੇ ਦੇਸ਼-ਦੁਨੀਆ 'ਚ ਲਿਆਂਦਾ ਭੂਚਾਲ

ਸੋਸ਼ਲ ਮੀਡੀਆ 'ਤੇ ਸਭ ਕੁਝ ਆਸਾਨੀ ਨਾਲ ਵਾਇਰਲ ਹੋ ਜਾਂਦਾ ਹੈ। ਇਨ੍ਹਾਂ ਦਾ ਆਮ ਲੋਕਾਂ 'ਤੇ ਖੂਬ ਅਸਰ ਹੁੰਦਾ ਹੈ। ਇੰਟਰਨੈੱਟ 'ਤੇ ਇਸ ਬਾਰੇ ਚਰਚਾਵਾਂ ਸ਼ੁਰੂ ਹੁੰਦੀਆਂ ਹਨ ਜੋ ਬਾਅਦ ਵਿੱਚ ਟੀਵੀ 'ਤੇ ਬਹਿਸ ਦਾ ਰੂਪ ਅਖ਼ਤਿਆਰ ਕਰ ਲੈਂਦੀਆਂ ਹਨ। ਇਸ ਗੈਲਰੀ ਵਿੱਚ ਅਜਿਹੀਆਂ ਵਾਇਰਲ ਖ਼ਬਰਾਂ ਬਾਰੇ ਦੱਸਾਂਗੇ। ਇਸ ਸਾਲ ਫੀਫਾ ਵਿਸ਼ਵ ਕੱਪ ਦੇ ਸਮਾਪਤੀ ਸਮਾਗਮ ਦੌਰਾਨ ਤੇਜ਼ ਬਾਰਸ਼ ਵਿੱਚ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਆਪਣੇ ਲਈ ਤਾਂ ਛੱਤਰੀ ਮੰਗਵਾ ਲਈ ਪਰ ਫਰਾਂਸ ਦੇ ਰਾਸ਼ਟਰਪਤੀ ਇਮੈਨੂਏਲ ਮੈਕਰੋਂ ਤੇ ਕ੍ਰੋਏਸ਼ੀਆ ਦੇ ਰਾਸ਼ਟਰਪਤੀ ਕੋਲਿੰਦਾ ਗ੍ਰੈਬਰ ਨੂੰ ਮੈਦਾਨ ਵਿੱਚ ਭਿੱਜਦੇ ਛੱਡ ਦਿੱਤਾ। ਇਸ ਤਸਵੀਰ ਨੂੰ ਸੋਸ਼ਲ ਮੀਡੀਆ 'ਤੇ ਖੂਬ ਟ੍ਰੋਲ ਕੀਤਾ ਗਿਆ। ਮਲਿਆਲਮ ਮੈਗਜ਼ੀਨ ਗ੍ਰਹਿਸਕਸ਼ਮੀ ਦੇ ਕਵਰ ਪੇਜ 'ਤੇ ਛਪੀ ਇਸ ਫੋਟੋ ਦੀ ਖ਼ੂਬ ਤਾਰੀਫ ਕੀਤੀ ਗਈ। ਮੈਗਜ਼ੀਨ ਵਿੱਚ ਛਪੀ ਇਸ ਫੋਟੋ ਨੂੰ ਜਨਤਕ ਥਾਵਾਂ ਵਿੱਚ ਬੱਚੇ ਨੂੰ ਦੁੱਧ ਪਿਲਾਉਣ ਵਿੱਚ ਮਹਿਲਾਵਾਂ ਨੂੰ ਆਉਣ ਵਾਲੀ ਸ਼ਰਮ ਨੂੰ ਖ਼ਤਮ ਕਰਨ 'ਚ ਵੱਡਾ ਕਦਮ ਮੰਨਿਆ ਗਿਆ। ਆਸਾਮ ਵਿੱਚ 15 ਫਰਵਰੀ ਨੂੰ ਹੈਲੀਕਾਪਟਰ ਦੁਰਘਟਨਾ 'ਚ ਦੋ ਅਧਿਕਾਰੀਆਂ ਦੀ ਮੌਤ ਹੋ ਗਈ ਸੀ। ਇਸ ਤੋਂ ਬਾਅਦ ਇੱਕ ਅਧਿਕਾਰੀ ਦੇ ਸਸਕਾਰ ਮੌਕੇ ਉਸ ਦੀ ਪਤਨੀ ਆਪਣੇ ਪੰਜ ਦਿਨਾਂ ਦੇ ਬੱਚੇ ਨੂੰ ਗੋਦੀ ਵਿੱਚ ਚੁੱਕ ਕੇ ਆਈ। ਅਫ਼ਸਰ ਦੀ ਪਤਨਾ ਵੀ ਫੌਜ ਵਿੱਚ ਮੇਜਰ ਸੀ। ਇਸ ਤਸਵੀਰ ਨੇ ਸਭ ਨੂੰ ਝੰਜੋੜ ਕੇ ਰੱਖ ਦਿੱਤਾ ਸੀ। 'ਪਦਮਾਵਤ' ਇਸ ਸਾਲ ਦੀ ਸਭ ਤੋਂ ਵਿਵਾਦਿਤ ਫਿਲਮ ਰਹੀ। ਇਸ ਦੇ ਨਿਰਦੇਸ਼ਕ ਤੇ ਅਦਾਕਾਰਾ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ ਗਈਆਂ। ਫਿਲਮ ਦੀ ਰਿਲੀਜ਼ ਰੋਕਣ ਲਈ ਸੁਪਰੀਮ ਕੋਰਟ ਵਿੱਚ ਕੇਸ ਵੀ ਚੱਲਿਆ। ਪਰ ਲੰਮੇ ਵਿਵਾਦ ਬਾਅਦ 25 ਜਨਵਰੀ ਨੂੰ ਫਿਲਮ ਰਿਲੀਜ਼ ਹੋ ਗਈ ਸੀ। ਪ੍ਰਿਆ ਪ੍ਰਕਾਸ਼ ਵਾਰੀਅਰ ਦਾ ਅੱਖ ਮਾਰਨਾ ਇਸ ਵਾਰ ਦੇ ਵੈਲੇਂਟਾਈਨ ਡੇਅ 'ਤੇ ਖੂਬ ਵਾਇਰਲ ਹੋਇਆ। ਦਰਅਸਲ ਸਾਊਥ ਦੇ ਕਿਸੇ ਗੀਤ ਵਿੱਚ ਪ੍ਰਿਆ ਨੇ ਅੱਖ ਮਾਰਨ ਦਾ ਸੀਨ ਕੀਤਾ ਸੀ ਜਿਸ ਦੀ ਕਲਿੱਪ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ ਸੀ ਤੇ ਪ੍ਰਿਆ ਰਾਤੋ-ਰਾਤ ਮਕਬੂਲ ਹੋ ਗਈ ਸੀ।ਇੰਡੋਨੇਸ਼ੀਆ ਵਿੱਚ ਇੱਕ ਮਹਿਲਾ ਸਬਜ਼ੀ ਦੇ ਬਗੀਚੇ ਵਿੱਚ ਗਾਇਬ ਹੋ ਗਈ ਸੀ। ਬਾਅਦ ਵਿੱਚ ਉਸ ਮਹਿਲਾ ਦੇ ਸਰੀਰ ਨੂੰ 23 ਫੁੱਟ ਲੰਮੇ ਅਜਗਰ ਦੇ ਪੇਟ ਵਿੱਚੋਂ ਕੱਢਿਆ ਗਿਆ ਸੀ। ਅਜਗਰ ਨੇ ਪੂਰੀ ਮਹਿਲਾ ਨੂੰ ਕੱਪੜਿਆਂ ਸਮੇਤ ਨਿਗਲ ਲਿਆ ਸੀ। ਫਿਲਮ 'ਸੂਈ ਧਾਗਾ' ਦੇ ਟ੍ਰੇਲਰ ਦੇ ਲਾਂਚ ਦੇ ਨਾਲ ਹੀ ਅਨੁਸ਼ਕਾ ਸ਼ਰਮਾ ਦੀ ਖ਼ੂਬ ਟ੍ਰੋਲਿੰਗ ਕੀਤੀ ਗਈ। ਇਸ ਸਬੰਧੀ ਕਈ ਤਰ੍ਹਾਂ ਦੇ ਮੀਮ ਬਣਾਏ ਗਏ। ਫੋਟੋ ਵਿੱਚ ਅਨੁਸ਼ਕਾ ਕਾਫੀ 'ਫਨੀ' ਦਿਖ ਰਹੀ ਸੀ। ਯੂਏਈ ਵਿੱਚ ਇੱਕ ਮਹਿਲਾ ਨੇ ਆਪਣੇ ਪ੍ਰੇਮੀ ਨੂੰ ਮਾਰ ਕੇ ਉਸ ਦੇ ਸਰੀਰ ਦੇ ਅੰਗਾਂ ਨੂੰ ਮਕਬੂਸ (ਇੱਕ ਤਰ੍ਹਾਂ ਦਾ ਖਾਣਾ) ਵਿੱਚ ਮਿਲਾ ਕੇ ਮਜ਼ਦੂਰਾਂ ਨੂੰ ਖੁਆ ਦਿੱਤਾ ਸੀ। ਬਾਅਦ ਵਿੱਚ ਮਹਿਲਾ ਨੇ ਪੁਲਿਸ ਨੂੰ ਦੱਸਿਆ ਕਿ ਲੜਕੇ (20) ਨੇ ਉਸ ਨੂੰ ਧੋਖਾ ਦਿੱਤਾ ਸੀ ਤੇ ਉਹ ਬਦਲਾ ਲੈਣਾ ਚਾਹੁੰਦੀ ਸੀ। ਮਹਿਲਾ ਨੇ ਲੜਕੇ ਦੇ ਬਾਕੀ ਬਚੇ ਸਰੀਰ ਨੂੰ ਕੁੱਤਿਆਂ ਨੂੰ ਖੁਆ ਦਿੱਤਾ ਸੀ।ਘਾਨਾ ਵਿੱਚ ਸਾਧਨਾ ਦੀ ਕਮੀ ਅਧਿਆਪਕ ਨੂੰ ਪੜ੍ਹਾਉਣ ਤੋਂ ਰੋਕ ਨਾ ਸਕੀ। ਦਰਅਸਲ ਸਕੂਲ ਵਿੱਚ ਕੰਪਿਊਟਰ ਨਹੀਂ ਸੀ ਪਰ ਇਸ ਦੇ ਬਾਵਜੂਦ ਅਧਿਆਪਕ ਨੇ ਵਿਦਿਆਰਥੀਆਂ ਨੂੰ ਐਮਐਸ ਵਰਡ ਸਿਖਾਉਣ ਦੀ ਠਾਣ ਲਈ ਤੇ ਇਸ ਕੰਮ ਲਈ ਬਲੈਕ ਬੋਰਡ 'ਤੇ ਐਮਐਸ ਵਰਡ ਦੀ ਤਸਵੀਰ ਬਣਾ ਦਿੱਤੀ। ਇਸ ਜਜ਼ਬੇ ਲਈ ਅਧਿਆਪਕ ਦੀ ਸੋਸ਼ਲ ਮੀਡੀਆ 'ਤੇ ਕਾਫ਼ੀ ਤਾਰੀਫ਼ ਹੋਈ ਸੀ। ਕੋਲਕਾਤਾ ਵਿੱਚ ਦੁਰਗਾ ਪੂਜਾ ਮੌਕੇ ਪੁਲਿਸ ਜਵਾਨ ਦੀ ਵੀਡੀਓ ਵਾਇਰਲ ਹੋਈ ਸੀ। ਇਸ ਵਿੱਚ ਜਵਾਨ ਵੱਖਰੇ ਉਤਸ਼ਾਹ ਨਾਲ ਪੂਜਾ ਦੇ ਪੰਡਾਲ ਵਿੱਚ ਆਉਣ ਵਾਲੇ ਸ਼ਰਧਾਲੂਆਂ ਨੂੰ ਰਾਹ ਦੱਸ ਰਿਹਾ ਸੀ। ਇਸ ਕੰਮ ਲਈ ਜਵਾਨ ਇਲਿਆਸ ਨੂੰ ਸਨਮਾਨਿਤ ਵੀ ਕੀਤਾ ਗਿਆ ਸੀ।



ਦੁਨੀਆ ਦੀਆਂ 100 ਸਭ ਤੋਂ ਸ਼ਕਤੀਸਾਲੀ ਔਰਤਾਂ ਦੀ ਲਿਸਟ ਜਾਰੀ

ਫੇਮਸ ਬਿਜਨੈੱਸ ਮੈਗਜ਼ੀਨ ਫੋਬਰਸ ਨੇ ਸਾਲ 2018 ਦੀਆਂ ਦੁਨੀਆ ਦੀਆਂ 100 ਸਭ ਤੋਂ ਸ਼ਕਤੀਸਾਲੀ ਔਰਤਾਂ ਦੀ ਲਿਸਟ ਜਾਰੀ ਕੀਤੀ ਹੈ। ਇਸ ਦੀ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਔਰਤਾਂ ਨੂੰ ਲਿਸਟ ਵਿੱਚ ਥਾਂ ਕਿਉਂ ਮਿਲੀ, ਇਸ ਦੀ ਜਾਣਕਾਰੀ ਵੀ ਦਿੱਤੀ ਗਈ ਹੈ। ਲਿਸਟ 'ਚ ਪਹਿਲੇ ਨੰਬਰ 'ਤੇ ਜਰਮਨ ਦੀ ਚਾਂਸਲਰ ਏਂਜਲਾ ਮਰਕੇਲ ਹੈ, ਜੋ 2005 'ਚ ਪਹਿਲੀ ਵਾਰ ਇੱਥੋਂ ਦੀ ਚਾਂਸਲਰ ਬਣੀ ਸੀ। ਉਹ ਹੁਣ ਆਪਣੇ ਚੌਥੇ ਕਾਰਜਕਾਲ 'ਚ ਹੈ। ਇਹ ਗੱਲ ਉਸ ਨੂੰ ਦੁਨੀਆ ਦੀ ਸਭ ਤੋਂ ਸ਼ਕਤੀਸ਼ਾਲੀ ਔਰਤ ਬਣਾਉਂਦੀ ਹੈ। ਦੁਨੀਆ ਦੀ ਦੂਜੀ ਸਭ ਤੋਂ ਸ਼ਕਤੀਸ਼ਾਲੀ ਔਰਤ ਦਾ ਸਥਾਨ ਬ੍ਰਿਟੇਨ ਦੀ ਪੀਐਮ ਥੇਰੇਸਾ ਮੇ ਨੂੰ ਹਾਸਲ ਹੋਇਆ ਹੈ। ਉਸ ਨੂੰ ਇਹ ਥਾਂ ਬ੍ਰੇਕਜ਼ਿਟ ਤੋਂ ਬਾਅਦ ਬ੍ਰਿਟੇਨ ਨੂੰ ਲੈ ਕੇ ਜਾਰੀ ਉਨ੍ਹਾਂ ਦੀਆਂ ਕੋਸ਼ਿਸ਼ਾਂ ਕਰਕੇ ਮਿਲੀ ਹੈ।

ਕ੍ਰਿਸਟੀਨ ਲੇਗਾਈ ਇਸ ਲਿਸਟ 'ਚ ਤੀਜੇ ਨੰਬਰ 'ਤੇ ਹੈ। ਉਹ ਸਾਲ 2011 ਤੋਂ ਇੰਟਰਨੈਸ਼ਨਲ ਮੌਨੀਟਰੀ ਫੰਡ ਦੇ ਪ੍ਰਧਾਨ ਦੇ ਅਹੁਦੇ 'ਤੇ ਬਰਕਰਾਰ ਹੈ। ਉਸ ਕੋਲ ਚੀਨ, ਰੂਸ ਤੇ ਬ੍ਰਿਟੇਨ ਸਮੇਤ 189 ਦੇਸ਼ਾਂ ਨੂੰ ਆਰਥਿਕ ਨਿਰੀਖਣ ਦੇਣ ਦਾ ਮਹੱਤਵਪੂਰਨ ਕੰਮ ਹੈ।

ਚੌਥੇ ਨੰਬਰ 'ਤੇ ਮੈਰੀ ਬਰਾ ਹੈ। ਬਾਰਾ ਨੇ ਇਲੈਕਟ੍ਰਿਕ ਵਾਹਨਾਂ, ਆਪ ਚੱਲਣ ਵਾਲੀਆਂ ਕਾਰਾਂ ਤੇ ਮੇਵੇਨ ਨਾਂ ਦੇ ਰਾਈਡ ਸ਼ੇਅਰਿੰਗ ਸਰਵਿਸ 'ਚ ਅਰਬਾਂ ਰੁਪਏ ਖਰਚ ਕੀਤਾ ਹੈ ਤਾਂ ਜੋ ਨਿਰਮਾਤਾ ਦੇ ਭਵਿੱਖ ਨੂੰ ਸੁਰੱਖਿਅਤ ਕੀਤਾ ਜਾ ਸਕੇ। ਫਿਡੇਲਿਟੀ ਇੰਨਵੈਸਟਮੈਂਟਸ ਦੀ ਸੀਈਓ ਅਬੀਗੈਲ ਜਾਨਸਨ 72 ਸਾਲ ਪੁਰਾਣੀ ਕੰਪਨੀ 'ਚ ਚੀਜ਼ਾਂ 'ਚ ਵਿਆਪਕ ਬਦਲਾਅ ਤੋਂ ਡਰਦੀ ਹੈ, ਪ੍ਰੇਸ਼ਾਨੀਆਂ ਦੇ ਨਵੇਂ ਹੱਲ 'ਤੇ ਧਿਆਨ ਕੇਂਦਰਤ ਕਰਨ ਲਈ ਆਪਣੇ ਕਾਨੂੰਨੀ ਧਨ ਖੋਹਣ ਵਾਲੇ ਮਿਊਚਅਲ ਫੰਡ ਤੋਂ ਦੂਰ ਹੋ ਕੇ ਉਹ ਨਵੇਂ ਰਸਤੇ ਲੱਭ ਰਹੀ ਹੈ। ਉਹ ਦੁਨੀਆ ਦੀਆਂ ਸਭ ਤੋਂ ਸ਼ਕਤੀਸਾਲੀ ਔਰਤਾਂ ਦੀ ਲਿਸਟ 'ਚ 5ਵੇਂ ਨੰਬਰ 'ਤੇ ਆਉਂਦੀ ਹੈ। ਮੇਲਿੰਡਾ ਗੈਟਸ ਨੇ ਬਿੱਲ ਤੇ ਮੇਲਿੰਡਾ ਗੇਟਸ ਫਾਉਂਡੇਸ਼ਨ ਦੇ ਸਹਿ-ਪ੍ਰਧਾਨ ਦੇ ਤੌਰ 'ਤੇ ਦਾਨ ਦੇ ਮਾਮਲੇ 'ਚ ਸਭ ਤੋਂ ਸ਼ਕਤੀਸ਼ਾਲੀ ਔਰਤਾਂ 'ਚ ਆਪਣੀ ਛੇਵੇਂ ਨੰਬਰ 'ਤੇ ਥਾਂ ਬਣਾਈ ਹੈ। ਫਰਵਰੀ 2014 ਤੋਂ ਯੂ-ਟਿਊਬ ਦੇ ਸੀਈਓ ਦੇ ਤੌਰ 'ਤੇ ਸੁਜ਼ੈਨ ਵਜਿਕੀ ਨੇ 1.9 ਖ਼ਰਬ ਯੂਜ਼ਰਸ ਦਾ ਬੇਸ ਤਿਆਰ ਕੀਤਾ ਹੈ ਜੋ ਹਰ ਮਹੀਨੇ ਉਸ ਦੀ ਸਾਈਟ 'ਤੇ ਲਗਾਤਾਰ ਆਉਂਦੇ ਹਨ। ਇਸ ਕੰਮ ਕਰਕੇ ਉਸ ਨੂੰ 7ਵਾਂ ਥਾਂ ਹਾਸਲ ਹੋਇਆ ਹੈ। ਬੈਂਕੋ ਸੈਂਟੇਨਰ ਦੀ ਪ੍ਰਧਾਨ ਤੇ ਕਾਰਜਕਾਰੀ ਨਿਰਦੇਸ਼ਕ ਏਨਾ ਪੇਟਰੀਸੀਆ ਬੋਟਿਨ ਦੁਨੀਆ ਦੀ 8ਵੀਂ ਸਭ ਤੋਂ ਸ਼ਕਤੀਸ਼ਾਲੀ ਔਰਤ ਹੈ। 2013 ਤੋਂ ਲੌਕਗੀਡ ਮਾਰਟਿਨ ਦੀ ਸੀਈਓ ਮੈਰੀਲਨ ਹੇਸਨ ਨੇ ਡਿਫੇਂਸ, ਏਅਰੋਸਪੇਸ ਤੇ ਟੈਕਨੋਲੋਜੀ ਦੇ ਖੇਤਰ 'ਚ ਰੱਖਿਆ ਕੰਪਨੀਆਂ ਦੀ ਸਥਿਤੀ ਨੂੰ ਮਜ਼ਬੂਤੀ ਨਾਲ ਚਲਾਇਆ ਹੈ ਜਿਸ ਨਾਲ ਉਨ੍ਹਾਂ ਨੂੰ ਦੁਨੀਆ ਦੀ ਸਭ ਤੋਂ ਸ਼ਕਤੀਸ਼ਾਲੀ ਔਰਤ ਹੋਣ ਦਾ 9ਵਾਂ ਸਥਾਨ ਹਾਸਲ ਹੋਇਆ ਹੈ।

ਆਈਬੀਐਮ ਦੀ ਸੀਈਓ ਗਿਨੀ ਰੋਮੈਟੀ ਨੇ ਭਵਿੱਖ ਲਈ ਆਪਣੀ ਰਣਨੀਤੀ ਦੇ ਕੇਂਦਰ 'ਚ ਕਾਗਨਿਟੀਵ ਕੰਪਿਊਟਿੰਗ ਨੂੰ ਰੱਖਿਆ ਗਿਆ ਹੈ, ਨਾਲ ਹੀ ਉਨ੍ਹਾਂ ਨੇ ਬਲਾਕਚੇਨ ਤੇ ਕਵਾਂਟਮ ਕੰਪਿਊਟਿੰਗ 'ਤੇ ਭਾਰੀ ਦਾਅ ਲਾਏ ਹਨ ਜਿਸ ਨਾਲ ਉਹ 10ਵੇਂ ਨੰਬਰ 'ਤੇ ਹੈ।

11 ਸਾਲ ਦੀ ਉਮਰ 'ਚ ਹੀ ਬੱਚੀ ਹੋਈ 6 ਫੁੱਟ 10 ਇੰਚ ਲੰਮੀ

ਜ਼ਿਆਦਾਤਰ ਲੜਕੀਆਂ ਲੰਮੇ ਕੱਦ ਦੀ ਉਮੀਦ ਕਰਦੀਆਂ ਹਨ ਪਰ ਜਦੋਂ ਘੱਟ ਉਮਰ ਵਿੱਚ ਲੰਬਾਈ ਜ਼ਰੂਰਤ ਤੋਂ ਜ਼ਿਆਦਾ ਹੋ ਜਾਏ ਤਾਂ ਮੁਸ਼ਕਲ ਹੋ ਸਕਦੀ ਹੈ। ਚੀਨ ਵਿੱਚ ਰਹਿਣ ਵਾਲੀ ਜੈਂਗ ਜਿਊ ਦੀ ਉਮਰ ਮਹਿਜ਼ 11 ਸਾਲ ਹੈ ਪਰ ਉਸ ਦੀ ਲੰਬਾਈ 6 ਫੁੱਟ 10 ਇੰਚ ਹੈ। ਜੈਂਗ ਨੇ ਲੰਬਾਈ ਲਈ ਗਿੰਨੀਜ਼ ਵਰਲਡ ਰਿਕਾਰਡ ਹਾਸਲ ਕਰਨ ਵਾਲੀ 12 ਸਾਲਾਂ ਦੀ ਸੋਫੀ ਹੌਲਿੰਸ (6 ਫੁੱਟ 2 ਇੰਚ) ਨੂੰ ਵੀ ਪਿੱਛੇ ਛੱਡ ਦਿੱਤਾ ਹੈ। ਹਾਲਾਂਕਿ ਹਾਲੇ ਤਕ ਜੈਂਗ ਦਾ ਨਾਂ ਗਿੰਨੀਜ਼ ਵਰਲਡ ਰਿਕਾਰਡ ਵਿੱਚ ਸ਼ਾਮਲ ਨਹੀਂ ਕੀਤਾ ਗਿਆ।ਮੰਨਿਆ ਜਾ ਰਿਹਾ ਹੈ ਕਿ ਜੈਂਗ ਜੀਊ ਦੀ ਲੰਬਾਈ ਉਸ ਦੇ ਮਾਤਾ-ਪਿਤਾ 'ਤੇ ਗਈ ਹੈ ਕਿਉਂਕਿ ਦੋਵੇਂ 6 ਫੁੱਟ ਤੋਂ ਜ਼ਿਆਦਾ ਲੰਮੇ ਹਨ। ਚੀਨ ਵਿੱਚ ਛੇਵੀਂ ਜਮਾਤ ਤਕ ਪੁੱਜਦਿਆਂ-ਪੁੱਜਦਿਆਂ ਬੱਚਿਆਂ ਦੀ ਲੰਬਾਈ 4 ਫੁੱਟ 6 ਇੰਚ ਹੁੰਦੀ ਹੈ ਪਰ ਜੈਂਗ ਪਹਿਲੀ ਜਮਾਤ ਵਿੱਚ ਹੀ 5 ਫੁੱਟ 3 ਇੰਚ ਲੰਮੀ ਹੋ ਗਈ ਸੀ। ਜੈਂਗ ਨੂੰ 5 ਸਾਲਾਂ ਦੀ ਉਮਰ ਤੋਂ ਹੀ ਬਾਸਕਿਟਬਾਲ ਖੇਡਣ ਦਾ ਸ਼ੌਕ ਹੈ। ਉਸ ਦੀ ਮਾਂ ਯੂ ਯਿੰਗ ਵੀ ਚੀਨ ਦੀ ਨੈਸ਼ਨਲ ਬਾਸਕਿਟਬਾਲ ਟੀਮ ਦਾ ਹਿੱਸਾ ਰਹਿ ਚੁੱਕੀ ਹੈ। ਅੱਜਕਲ੍ਹ ਉਹ ਪ੍ਰੋਫੈਸ਼ਨਲ ਕੋਚ ਹੈ।

ਨੱਕ ਨੂੰ ਜੀਭ ਲਾਉਣ ਵਾਲੇ ਬਹੁਤ ਦੇਖੇ ਪਰ ਇਹ ਤਾਂ ਮੱਥਾ ਵੀ ਚੱਟ ਲੈਂਦੈ

ਕਾਠਮੰਡੂ — ਦੁਨੀਆ ਵਿਚ ਅਜੀਬੋ-ਗਰੀਬ ਖੂਬੀਆਂ ਵਾਲੇ ਲੋਕ ਹਨ। ਅੱਜ ਅਸੀਂ ਤੁਹਾਨੂੰ ਜਿਸ ਸ਼ਖਸ ਬਾਰੇ ਦੱਸ ਰਹੇ ਹਾਂ ਉਸ ਦੀ ਖੂਬੀ ਬਾਰੇ ਜਾਣ ਕੇ ਤੁਸੀਂ ਹੈਰਾਨ ਰਹਿ ਜਾਓਗੇ। ਅਸਲ ਵਿਚ ਇਹ ਸ਼ਖਸ ਜੀਭ ਨਾਲ ਆਪਣੇ ਮੱਥੇ ਨੂੰ ਚੱਟ ਸਕਦਾ ਹੈ। ਇਹ ਸ਼ਖਸ ਨੇਪਾਲ ਦਾ ਰਹਿਣਾ ਵਾਲਾ ਹੈ ਅਤੇ ਇਕ ਬੱਸ ਡਰਾਈਵਰ ਹੈ। 35 ਸਾਲਾ ਯੱਗਯ ਬਹਾਦੁਰ ਕੱਟੂਵਾਲ ਦਾ ਦਾਅਵਾ ਹੈ ਕਿ ਉਸ ਦੀ ਜੀਭ ਦੁਨੀਆ ਵਿਚ ਸਭ ਤੋਂ ਵੱਡੀ ਹੈ ਅਤੇ ਉਹ ਆਪਣੀ ਪੂਰੀ ਨੱਕ ਨੂੰ ਢੱਕਦੇ ਹੋਏ ਆਪਣੇ ਮੱਥਾ ਅਤੇ ਭਰਵੱਟਿਆਂ ਨੂੰ ਚੱਟ ਸਕਦਾ ਹੈ।

ਅਸਲ ਵਿਚ ਬਹਾਦੁਰ ਦੇ ਇਕ ਦੋਸਤ ਨੇ ਉਸ ਦੀ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਸ਼ੇਅਰ ਕਰ ਦਿੱਤੀ। ਉਸ ਮਗਰੋਂ ਤਾਂ ਉਹ ਸਥਾਨਕ ਸੈਲੀਬ੍ਰਿਟੀ ਬਣ ਗਿਆ। ਉਸ ਨਾਲ ਸਬੰਧਤ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਚੁੱਕੀ ਹੈ। ਹੁਣ ਆਪਣੀ ਇਸ ਅਨੋਖੀ ਕਲਾ ਕਾਰਨ ਬਹਾਦੁਰ ਗਿਨੀਜ਼ ਬੁੱਕ ਆਫ ਵਰਲਡ ਰਿਕਾਰਡ ਵਿਚ ਆਪਣਾ ਨਾਮ ਦਰਜਾ ਕਰਵਾ ਸਕਦਾ ਹੈ।